**ਪੰਜਾਬੀ ਯੂਨੀਵਰਸਿਟੀ ਪਟਿਆਲਾ**
(1961 ਦੇ ਪੰਜਾਬ ਐਕਟ ਨੰ.35 ਤਹਿਤ ਸਥਾਪਤ)

ਦਫ਼ਤਰ: **ਡਾਇਰੈਕਟੋਰੇਟ ਆਫ਼ ਸਪੋਰਟਸ**

ਪ੍ਰੈਸ ਨੋਟ
ਪਟਿਆਲਾ 27 ਜੂਨ, 2024

**ਆਊਟਸਟੈਂਡਿੰਗ ਸਪੋਰਟਸ ਕੈਟਾਗਰੀ ਅਧੀਨ ਦਾਖਲਿਆਂ ਸਬੰਧੀ ਟਰਾਇਲ/ਕਾਊਂਸਲਿੰਗ 10 ਜੁਲਾਈ ਨੂੰ**

ਖੇਡ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਸੈਸ਼ਨ 2024-25 ਦੌਰਾਨ ਯੂਨੀਵਰਸਿਟੀ ਕੈਂਪਸ ਅਤੇ ਇਸਦੇ ਅਧੀਨ ਆਉਂਦੇ ਕਾਲਜਾਂ ਵਿੱਚ ਕਿਸੇ ਵੀ ਕੋਰਸ/ਕਲਾਸ ਵਿੱਚ **ਉੱਚ ਕੋਟੀ ਦੇ ਖਿਡਾਰੀਆਂ ਲਈ ਸਪੋਰਟਸ ਕੋਟੇ ਅਧੀਨ ਰਾਖਵੀਆਂ ਪੰਜ ਸੀਟਾਂ ਤਹਿਤ ਦਾਖਲਾ** ਲੈਣ ਦੇ ਚਾਹਵਾਨ ਖਿਡਾਰੀਆਂ (ਲੜਕੇ ਅਤੇ ਲੜਕੀਆਂ) ਲਈ ਏ.ਆਈ.ਯੂ. ਖੇਡ ਕੈਲੰਡਰ ਵਿਚ ਸ਼ਾਮਲ ਹੇਠ ਲਿਖੀਆਂ ਖੇਡਾਂ ਦੇ ਖਿਡਾਰੀਆਂ ਲਈ **ਟਰਾਇਲ /ਕਾਊਂਸਲਿੰਗ ਮਿਤੀ 10/07/2024 ਨੂੰ ਸਵੇਰੇ 9.00 ਵਜੇ ਖੇਡ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ** ਕਰਵਾਏ ਜਾ ਰਹੇ ਹਨ।

ਖੇਡਾਂ ਦੀ ਸੂਚੀ:
ਆਰਚਰੀ, ਐਥਲੈਟਿਕਸ, ਸਵੀਮਿੰਗ/ਤੈਰਾਕੀ, ਸਾਈਕਲਿੰਗ, ਸੌਫਟਬਾਲ (ਕੇਵਲ ਮਹਿਲਾ), ਬੇਸਬਾਲ (ਕੇਵਲ ਪੁਰਸ਼), ਹਾਕੀ, ਹੈਂਡਬਾਲ, ਕਬੱਡੀ (ਨ.ਸ.),ਕਰਾਟੇ, ਕੁਸ਼ਤੀ, ਕੈਯਾਕਿੰਗ ਤੇ ਕੈਨੋਇੰਗ, ਰੋਇੰਗ, ਕ੍ਰਿਕਟ, ਖੋ-ਖੋ, ਗੱਤਕਾ, ਚੈੱਸ, ਜਿਮਨਾਸਟਿਕਸ, ਜੂਡੋ, ਟੇਬਲ ਟੈਨਿਸ, ਟੈਨਿਸ, ਸੌਫਟ ਟੈਨਿਸ, ਤਾਇਕਵਾਂਡੋ, ਨੈੱਟਬਾਲ (ਕੇਵਲ ਮਹਿਲਾ), ਪਿਸਟਲ/ਰਾਈਫਲ ਸ਼ੂਟਿੰਗ, ਪੇਨਚੈਕ ਸਿਲੈਟ, ਫੁੱਟਬਾਲ, ਫੈਨਸਿੰਗ, ਬਾਸਕਟਬਾਲ, ਬਾਕਸਿੰਗ, ਬੈਡਮਿੰਟਨ, ਯੋਗਾ, ਰਗਬੀ, ਵਾਲੀਬਾਲ, ਵੂਸ਼ੂ, ਸੈਪਕਟਾਕਰਾਅ ਅਤੇ ਵੇਟ ਲਿਫਟਿੰਗ ।

ਕਾਊਂਸਲਿੰਗ ਵਿੱਚ ਭਾਗ ਲੈਣ ਵਾਲੇ ਹਰ ਇਕ ਖਿਡਾਰੀ ਕੋਲ ਆਪਣੇ ਵਿਦਿਅਕ ਅਤੇ ਖੇਡਾਂ ਦੇ ਅਸਲੀ ਸਰਟੀਫਿਕੇਟਸ ਅਤੇ ਉਹਨਾਂ ਦੀ ਫੋਟੋਕਾਪੀਆਂ ਹੋਣੀਆਂ ਲਾਜ਼ਮੀ ਹਨ। **ਖਿਡਾਰੀਆਂ ਦੀ ਚੋਣ ਉਹਨਾਂ ਦੀਆਂ ਪਿਛਲੇ ਦੋ ਸਾਲਾਂ ਦੌਰਾਨ (2022-23 ਅਤੇ 2023-24 ਦੌਰਾਨ) ਕੀਤੀ ਕਾਰਗੁਜ਼ਾਰੀ / ਪ੍ਰਾਪਤੀਆਂ (ਪਹਿਲੀਆਂ ਤਿੰਨ ਪੁਜੀਸ਼ਨਾਂ ਹੀ ਮੰਨਣਯੋਗ ਹੋਣਗੀਆ) ਦੇ ਆਧਾਰ ਤੇ ਕੀਤੀ ਜਾਵੇਗੀ।** ਲੋੜ ਅਨੁਸਾਰ ਖਿਡਾਰੀਆਂ ਦੇ ਟਰਾਇਲਜ਼ ਵੀ ਮੌਕੇ ਤੇ ਕਰਵਾਏ ਜਾ ਸਕਦੇ ਹਨ। ਚੁਣੇ ਗਏ ਖਿਡਾਰੀਆਂ ਨੂੰ ਟਰੇਨਿੰਗ ਦੀਆਂ ਬੇਹਤਰੀਨ ਸੁਵਿਧਾਵਾਂ ਤੋਂ ਇਲਾਵਾ ਮੁਫ਼ਤ ਪੜ੍ਹਾਈ, ਸਪੋਰਟਸ ਕਿੱਟ ਅਤੇ ਉਨ੍ਹਾਂ ਦੀਆਂ ਖੇਡ ਪ੍ਰਾਪਤੀਆਂ ਦੀ ਮੈਰਿਟ ਦੇ ਅਨੁਸਾਰ ਡਾਈਟ ਮਨੀ ਮੁਹੱਈਆ ਕੀਤੀ ਜਾਵੇਗੀ।

27/06/2024
ਡਾਇਰੈਕਟਰ ਸਪੋਰਟਸ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ;

1. ਪ੍ਰਿੰਸੀਪਲ ਸਾਹਿਬਾਨ, ਸਮੂਹ ਸਬੰਧਤ ਕਾਲਜਿਜ਼ – ਸਬੰਧਤ ਲੈਕਚਰਾਰ, ਸਰੀਰਕ ਸਿੱਖਿਆ/ਪ੍ਰੋ. ਇੰਚਾਰਜ਼ (ਟੀਮ) ਅਤੇ ਖਿਡਾਰੀਆਂ ਦੀ ਸੂਚਨਾ ਹਿੱਤ।
2. ਸਮੂਹ ਕੋਚਿਜ਼/ਇੰਨਸਟ੍ਰੱਕਟਰਜ਼/ਇੰਚਾਰਜ਼ ਸਾਹਿਬਾਨ – ਸਬੰਧਤ ਖੇਡ ਦੇ ਖਿਡਾਰੀਆਂ ਦੀ ਸੂਚਨਾ ਹਿੱਤ।

27/06/2024
ਡਾਇਰੈਕਟਰ ਸਪੋਰਟਸ